WORKSAFEBC | ਨਿਊਜ਼ ਰਿਲੀਜ਼

# ਵਰਕਸੇਫ ਬੀ ਸੀ ਦਾ ਨਵਾਂ ਸ੍ਰੋਤ ਐਮਰਜੰਸੀਆਂ ਲਈ ਤਿਆਰੀ ਕਰਨ ਵਿਚ ਕੰਮ-ਮਾਲਕਾਂ ਦੀ ਮਦਦ ਕਰ ਸਕਦਾ ਹੈ

**15 ਜੂਨ, 2022, ਰਿਚਮੰਡ, ਬੀ.ਸੀ.** – ਬੀ.ਸੀ. ਦੇ ਕੁਝ ਹਿੱਸਿਆਂ ਵਿਚ ਹੜ੍ਹ ਆਉਣ ਦੀਆਂ ਤਾਜ਼ਾ ਵਾਰਨਿੰਗਾਂ ਕਾਰਨ, ਵਰਕਸੇਫ ਬੀ ਸੀ ਕੰਮ-ਮਾਲਕਾਂ (ਇਮਪਲੌਏਅਰਜ਼) ਨੂੰ ਹੜ੍ਹ ਦੇ ਖਤਰੇ ਲਈ ਤਿਆਰੀ ਕਰਨ ਦੀ ਆਪਣੀ ਜ਼ਿੰਮੇਵਾਰੀ ਬਾਰੇ ਯਾਦ ਕਰਵਾ ਰਹੀ ਹੈ – ਜਿਸ ਵਿਚ ਬਾਹਰ ਕੱਢਣ ਅਤੇ ਬਚਾਉ ਕਾਰਜਾਂ ਲਈ ਵਿਉਂਤਬੰਦੀ ਵੀ ਸ਼ਾਮਲ ਹੈ।

ਬੀ.ਸੀ. ਰਿਵਰ ਫੋਰਕਾਸਟ ਸੈਂਟਰ ਨੇ ਆਪਣੇ ਮਈ ਦੇ ਸਨੋਅ ਸਰਵੇ ਵਿਚ ਰਿਪੋਰਟ ਦਿੱਤੀ ਹੈ ਕਿ ਬੀ.ਸੀ. ਦੇ ਬਹਾਰ ਰੁੱਤ ਦੇ ਠੰਢੇ ਅਤੇ ਬਾਰਸ਼ ਵਾਲੇ ਮੌਸਮ ਨੇ ਸੂਬੇ ਵਿਚ ਹੜ੍ਹਾਂ ਦਾ ਖਤਰਾ ਕਾਫੀ ਵਧਾ ਦਿੱਤਾ ਹੈ। ਸਨੋਅ ਦੇ ਪਿਘਲਣ ਵਿਚ ਦੇਰੀ, ਜ਼ਿਆਦਾ ਬਾਰਸ਼, ਅਤੇ ਗਰਮ ਮੌਸਮ ਵੱਲ ਅਚਾਨਕ ਤਬਦੀਲੀ ਨੇ ਸੂਬੇ ਭਰ ਵਿਚ ਹੜ੍ਹਾਂ ਦਾ ਖਤਰਾ ਵਧਾ ਦਿੱਤਾ ਹੈ।

ਵਰਕਸੇਫ ਬੀ ਸੀ ਵਿਖੇ ਪ੍ਰੀਵੈਨਸ਼ਨ ਸਰਵਿਸਿਜ਼ ਦੇ ਮੁਖੀ, ਅਲ ਜੌਹਨਸਨ ਦਾ ਕਹਿਣਾ ਹੈ, "ਕੋਈ ਕੰਮ-ਮਾਲਕ ਜਿਹੜੀ ਸਭ ਤੋਂ ਜ਼ਰੂਰੀ ਚੀਜ਼ ਕਰ ਸਕਦਾ ਹੈ ਉਹ ਤਿਆਰ ਰਹਿਣਾ ਹੈ। ਸੂਬੇ ਭਰ ਵਿਚ ਹੜ੍ਹਾਂ ਦੇ ਜ਼ਿਆਦਾ ਖਤਰੇ ਕਾਰਨ, ਇਹ ਜ਼ਰੂਰੀ ਹੈ ਕਿ ਕੰਮ-ਮਾਲਕ ਖਤਰੇ ਦੀ ਅਸੈੱਸਮੈਂਟ ਕਰਨ ਅਤੇ ਐਮਰਜੰਸੀ ਵਿਚ ਕਾਰਵਾਈ ਕਰਨ ਦੀ ਪਲੈਨ ਬਣਾਉਣ ਜਿਸ ਵਿਚ ਹੜ੍ਹ ਆਉਣ ਦੇ ਖਤਰੇ ਵੀ ਸ਼ਾਮਲ ਹਨ।"

ਹੜ੍ਹ ਦੀਆਂ ਤਿਆਰੀਆਂ ਦੁਰੇਡੀਆਂ ਥਾਂਵਾਂ `ਤੇ ਕੰਮ ਕਰਦੇ ਵਰਕਰਾਂ, ਜਾਂ ਸੰਘਣੇ ਜੰਗਲਾਂ ਵਿਚ ਦੀ ਲੰਘਦੇ ਵਰਕਰਾਂ ਲਈ ਖਾਸ ਤੌਰ `ਤੇ ਜ਼ਰੂਰੀ ਹਨ। ਸੜਕਾਂ ਵੀ ਬਿਨਾਂ ਕਿਸੇ ਵਾਰਨਿੰਗ ਦੇ ਢਹਿ-ਢੇਰੀ ਹੋ ਸਕਦੀਆਂ ਹਨ, ਜਿਵੇਂ ਕਿ ਅਸੀਂ ਉਦੋਂ ਨੁਕਸਾਨ ਦੇਖਿਆ ਹੈ ਜਦੋਂ ਪਿਛਲੇ ਨਵੰਬਰ ਮਹੀਨੇ ਵਿਚ ਢਿਗਾਂ ਡਿਗਣ ਨਾਲ ਕੋਕੋਹਾਲਾ ਹਾਈਵੇਅ ਦਾ ਇਕ ਵੱਡਾ ਸਾਰਾ ਹਿੱਸਾ ਰੁੜ੍ਹ ਗਿਆ ਸੀ। ਜੌਹਨਸਨ ਦਾ ਕਹਿਣਾ ਹੈ, "ਹਾਲਤ ਤੇਜ਼ੀ ਨਾਲ ਬਦਲ ਸਕਦੀ ਹੈ। ਇਸ ਕਰਕੇ ਇਹ ਬਹੁਤ ਜ਼ਰੂਰੀ ਹੈ ਕਿ ਕੰਮ-ਮਾਲਕ ਅਤੇ ਵਰਕਰ, ਸੜਕਾਂ ਦੀਆਂ ਹਾਲਤਾਂ ਬਾਰੇ ਆ ਰਹੀਆਂ ਨਿਊਜ਼ ਰਿਪੋਰਟਾਂ ਵੱਲ ਨੇੜਿਉਂ ਧਿਆਨ ਦੇਣ।"

ਐਮਰਜੰਸੀ ਵਿਚ ਬਾਹਰ ਕੱਢੇ ਜਾਣ ਵਾਸਤੇ ਤਿਆਰ ਹੋਣ ਲਈ ਕੰਮ-ਮਾਲਕਾਂ ਦੀ ਮਦਦ ਕਰਨ ਲਈ, ਜਿਨ੍ਹਾਂ ਵਿਚ ਹੜ੍ਹਾਂ ਵਿੱਚੋਂ ਬਾਹਰ ਕੱਢਣਾ ਵੀ ਸ਼ਾਮਲ ਹੈ, ਵਰਕਸੇਫ ਬੀ ਸੀ ਨੇ ਕੰਮ-ਮਾਲਕਾਂ ਲਈ ਇਕ ਨਵਾਂ ਸ੍ਰੋਤ ਤਿਆਰ ਕੀਤਾ ਹੈ, ਜਿਸ ਨੂੰ Emergency evacuation planning for your workplace ਕਿਹਾ ਜਾਂਦਾ ਹੈ। ਇਹ ਲਿਖਤ ਕੰਮ ਦੀ ਥਾਂ ਵਿੱਚੋਂ ਬਾਹਰ ਕੱਢੇ ਜਾਣ ਲਈ ਅਸਰਦਾਰ ਤਰੀਕੇ ਤਿਆਰ ਕਰਨ ਵਾਸਤੇ ਕੰਮ-ਮਾਲਕਾਂ ਦੀ ਮਦਦ ਕਰਨ ਲਈ ਤਿਆਰ ਕੀਤੀ ਗਈ ਹੈ।

ਜੌਹਨਸਨ ਦਾ ਇਹ ਵੀ ਕਹਿਣਾ ਹੈ ਕਿ ਕੰਮ-ਮਾਲਕਾਂ ਨੂੰ ਪਲੈਨਿੰਗ ਦਾ ਕੰਮ ਕਰਨ ਵਿਚ ਆਪਣੇ ਵਰਕਰਾਂ ਨੂੰ ਸ਼ਾਮਲ ਕਰਨਾ ਚਾਹੀਦਾ ਹੈ ਤਾਂ ਜੋ ਇਹ ਪੱਕਾ ਹੋਵੇ ਕਿ ਉਨ੍ਹਾਂ ਦੀ ਰਾਇ ਮਿਲੀ ਹੈ ਅਤੇ ਕਿਸੇ ਵੀ ਫਿਕਰਾਂ ਨੂੰ ਸੁਣਿਆ ਗਿਆ ਹੈ ਅਤੇ ਉਨ੍ਹਾਂ ਦਾ ਹੱਲ ਕੀਤਾ ਗਿਆ ਹੈ।

ਆਕੂਪੇਸ਼ਨਲ ਹੈਲਥ ਐਂਡ ਸੇਫਟੀ ਰੈਗੂਲੇਸ਼ਨ ਹੇਠ – ਖਾਸ ਕਰਕੇ ਐਮਰਜੰਸੀ ਲਈ ਤਿਆਰੀ, ਜਵਾਬ, ਬਾਹਰ ਕੱਢਣ ਅਤੇ ਬਚਾਉ ਕਾਰਜਾਂ ਬਾਰੇ ਸੈਕਸ਼ਨ 4.13 ਤੋਂ ਲੈ ਕੇ ਸੈਕਸ਼ਨ 4.16 ਤੱਕ ਅਤੇ ਹਿੱਸਾ 32 ਹੇਠ – ਸਾਰੇ ਕੰਮ-ਮਾਲਕਾਂ ਤੋਂ ਸਾਰੀਆਂ ਐਮਰਜੰਸੀਆਂ ਲਈ ਪਲੈਨ ਬਣਾਉਣ, ਤਿਆਰੀ ਕਰਨ, ਅਤੇ ਆਪਣੇ ਮੁਲਾਜ਼ਮਾਂ ਨੂੰ ਟਰੇਂਡ ਕਰਨ ਦੀ ਉਮੀਦ ਰੱਖੀ ਜਾਂਦੀ ਹੈ।
ਵਰਕਸੇਫ ਬੀ ਸੀ ਕੋਲ ਕੰਮ-ਮਾਲਕਾਂ ਲਈ ਹੇਠਾਂ ਦਿੱਤਾ ਸ੍ਰੋਤ ਵੀ ਉਪਲਬਧ ਹੈ:

- Emergency Response Planning: 12 Tips for an Effective Emergency Response Plan

ਸਰਕਾਰ ਦੇ ਹੇਠਾਂ ਦਿੱਤੇ ਸ੍ਰੋਤ ਹੜ੍ਹ ਦੇ ਖਤਰਿਆਂ ਲਈ ਤਿਆਰੀ ਕਰਨ ਅਤੇ ਕਾਰਵਾਈ ਕਰਨ ਵਿਚ ਕੰਮ-ਮਾਲਕਾਂ ਦੀ ਮਦਦ ਕਰ ਸਕਦੇ ਹਨ:

- Floodplain Maps by Region - Province of British Columbia (gov.bc.ca)
- Be prepared for floods - Province of British Columbia (gov.bc.ca)
- Flood Warnings and Advisories - River Forecast Centre - Province of British Columbia (gov.bc.ca)
- Recovering after a flood - Province of British Columbia (gov.bc.ca)

**ਨਿਊਜ਼ ਰਿਲੀਜ਼**

-30-

**ਵਰਕਸੇਫ ਬੀ ਸੀ ਬਾਰੇ**

*ਵਰਕਸੇਫ ਬੀ ਸੀ, ਬੀ.ਸੀ. ਵਿਚ ਸੱਟਾਂ, ਬੀਮਾਰੀਆਂ ਅਤੇ ਡਿਸਏਬਿਲਟੀ ਤੋਂ ਰੋਕਥਾਮ ਕਰਨ ਲਈ ਵਰਕਰਾਂ ਅਤੇ ਕੰਮ-ਮਾਲਕਾਂ ਨਾਲ ਕੰਮ ਕਰਦੀ ਹੈ। ਕੰਮ ਨਾਲ ਸੰਬੰਧਿਤ ਸੱਟਾਂ ਲੱਗਣ ਜਾਂ ਬੀਮਾਰੀਆਂ ਹੋਣ' ਤੇ, ਵਰਕਸੇਫ ਬੀ ਸੀ ਲੋਕਾਂ ਦੀ ਸਿਹਤਯਾਬੀ, ਰਾਜ਼ੀ ਹੋਣ, ਅਤੇ ਕੰਮ' ਤੇ ਸੁਰੱਖਿਅਤ ਵਾਪਸੀ ਵਿਚ ਮਦਦ ਕਰਨ ਲਈ ਮੁਆਵਜ਼ਾ ਅਤੇ ਮਦਦ ਦਿੰਦੀ ਹੈ। ਬੀ.ਸੀ. ਭਰ ਵਿਚ ਅਸੀਂ 2.49 ਮਿਲੀਅਨ ਵਰਕਰਾਂ ਅਤੇ 263,000 ਕੰਮ-ਮਾਲਕਾਂ ਨੂੰ ਸੇਵਾਵਾਂ ਦਿੰਦੇ ਹਾਂ।*

**ਹੋਰ ਜਾਣਕਾਰੀ ਲਈ ਸੰਪਰਕ ਕਰੋ**:

ਮੀਡੀਆ ਰੀਲੇਸ਼ਨਜ਼, ਵਰਕਸੇਫ ਬੀ ਸੀ

ਈਮੇਲ: media@worksafebc.com

ਟੈਲੀਫੋਨ: 604-276-5157